2022105113
30/8/2022

# ਦਫਤਰ ਚੋਣਕਾਰ ਰਜਿਸਟ੍ਰੇਸ਼ਨ ਅਫਸਰ 095-ਕਮ-ਉਪ ਮੰਡਲ ਮੈਜਿਸਟਰੇਟ, ਮੌੜ

ਵੱਲ,

ਸਮੂਹ ਸੁਪਰਵਾਇਜਰ ਸਾਹਿਬਾਨ
095 ਮੌੜ ਵਿਧਾਨ ਸਭਾ ਚੋਣ ਹਲਕਾ।

ਸਮੂਹ ਬੂਥ ਲੇਵਲ ਅਫਸਰ,
095 ਮੌੜ ਵਿਧਾਨ ਸਭਾ ਚੋਣ ਹਲਕਾ।

ਪੱਤਰ ਨੰ: 1903/04 ਚੋਣ ਮਿਤੀ 29/8/2022

ਵਿਸ਼ਾ:- Special Camp Day w.r.t Collection of Aadhaar date form the electors on voluntary basis for linking and authentication of electorall rolls data regarding.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਭਾਰਤ ਚੋਣ ਕਮਿਸ਼ਨ, ਨਵੀ ਦਿੱਲੀ ਵੱਲੋ ਜਾਰੀ ਹਦਾਇਤਾਂ ਅਨੁਸਾਰ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦੇ ਡਾਟੇ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਲਈ ਸੁਪਰਵਾਇਜਰਜ ਅਤੇ ਬੂਥ ਲੈਵਲ ਅਫਸਰਾਂ ਵੱਲੋਂ ਹਰ ਮਹੀਨੇ ਦੇ ਇੱਕ ਐਤਵਾਰ ਨੂੰ ਆਪਣੇ ਆਪਣੇ ਪੋਲਿੰਗ ਸਟੇਸ਼ਨ ਤੇ ਸਪੈਸ਼ਲ ਕੈਂਪ ਲਗਾਉਣ ਲਈ ਹਦਾਇਤਾ ਪ੍ਰਾਪਤ ਹੋਈਆ ਹਨ। ਇਸ ਲਈ ਮੁੱਖ ਚੋਣ ਅਫਸਰ, ਪੰਜਾਬ ਜੀ ਵੱਲੋਂ ਨਿਸ਼ਚਿਤ ਕੀਤੀਆਂ ਗਈਆ ਸਪੈਸ਼ਲ ਕੈਂਪਾਂ ਦੀਆ ਮਿਤੀਆ ਭੇਜਕੇ ਲਿਖਿਆ ਜਾਂਦਾ ਹੈ ਅਤੇ ਜਾਣੂ ਕਰਵਾਇਆ ਜਾਂਦਾ ਹੈ ਕਿ ਸਪੈਸ਼ਲ ਕੈਂਪਾਂ ਵਾਲੇ ਦਿਨ ਬੀ.ਐਲ.ਓਜ ਦੀ ਬੂਥਾਂ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ ਅਤੇ ਹਾਜ਼ਰੀ ਰਿਪੋਰਟ ਇਸ ਦਫਤਰ ਪਾਸ ਭੇਜੀ ਜਾਵੇ ਤਾਂ ਜੋ ਵੋਟਰ ਕਾਰਡ ਅਤੇ ਆਧਾਰ ਕਾਰਡ ਲਿੰਕ ਕਰਨ ਦਾ ਕੰਮ ਸਮੇਂ ਸਿਰ ਪੂਰਾ ਕੀਤਾ ਜਾ ਸਕੇ। ਸਪੈਸ਼ਲ ਕੈਂਪ ਵਾਲੇ ਦਿਨ ਨਿਮਨ ਦਰਸਾਏ ਅਨੁਸਾਰ ਹਨ:-

| ਲੜੀ ਨੰ: | ਸਾਲ 2022-23 ਦੌਰਾਨ ਮਹੀਨੇ ਦਾ ਨਾਮ | ਸਪੈਸ਼ਲ ਕੈਂਪਾਂ ਦੀ ਮਿਤੀ |
|---|---|---|
| 1 | ਸਤੰਬਰ 2022 | 04.09.2022 |
| 2. | ਅਕਤੂਬਰ 2022 | 16.10.2022 |
| 3. | ਨਵੰਬਰ 2022 | 20.11.2022 |
| 4. | ਦਸੰਬਰ 2022 | 04.12.2022 |
| 5. | ਜਨਵਰੀ 2023 | 08.01.2023 |
| 6. | ਫਰਵਰੀ 2023 | 05.02.2023 |
| 7. | ਮਾਰਚ 2023 | 05.03.2023 |

ਚੋਣਕਾਰ ਰਜਿਸਟ੍ਰੇਸ਼ਨ ਅਫਸਰ 095-
O/C ਉਪ ਮੰਡਲ ਮੈਜਿਸਟਰੇਟ, ਮੌੜ
ਮਿਤੀ 29/8/22

ਪਿੱਠ ਅੰਕਣ ਨੰ: 1904-08 /
ਇਸ ਦਾ ਇੱਕ ਉਤਾਰਾ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਦਫਤਰ ਦੇ ਪੱਤਰ ਨੰ: ਚੋਣ-2022/5984-89 ਮਿਤੀ 26.08.2022 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ/ਐਲੀਮੈਂਟਰੀ), ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਪ੍ਰਿੰਸੀਪਲ/ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਹਲਕੇ ਦੇ ਪੋਲਿੰਗ ਸਟੇਸ਼ਨ ਜੋ ਕਿ ਸਰਕਾਰੀ ਸਕੂਲਾਂ ਵਿੱਚ ਹਨ, ਨੂੰ ਉਕਤ ਸਪੈਸ਼ਲ ਕੈਂਪਾ ਦੌਰਾਨ ਕੈਂਪਾਂ ਦੌਰਾਨ ਖੋਲਣਾ ਯਕੀਨੀ ਬਣਾਉਣਗੇ।
3. ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਕਰਮਚਾਰੀ ਜਿਹਨਾਂ ਦੀ ਡਿਊਟੀ ਇਸ ਹਲਕੇ ਵਿੱਚ ਬਤੌਰ ਬੀ.ਐਲ.ਓ. ਕੰਮ ਕਰ ਰਹੇ ਹਨ ਉਹਨਾਂ ਨੂੰ ਉਕਤ ਮਿਤੀਆ ਪਰ ਆਪਣੇ ਪੋਲਿੰਗ ਸਟੇਸ਼ਨ ਉਪਰ ਹਾਜ਼ਰ ਰਹਿਣ ਦੀ ਹਦਾਇਤ ਕੀਤੀ ਜਾਵੇ ਜੀ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ 095 -
O/C ਉਪ ਮੰਡਲ ਮੈਜਿਸਟਰੇਟ, ਮੌੜ

30/8/22